Punjabi – Number 98
February 2018

# ਕ੍ਰਿਪਟੋਕੋਕਲ ਬੀਮਾਰੀ (*ਸੀ.ਗੈਟੀ*)
## Cryptococcal Disease (*C. gattii*)

### ਕ੍ਰਿਪਟੋਕੋਕਲ ਬੀਮਾਰੀ ਕੀ ਹੈ?

ਕ੍ਰਿਪਟੋਕੋਕਲ (Cryptococcal) ਬੀਮਾਰੀ, ਜਿਸਨੂੰ ਕ੍ਰਿਪਟੋਕੋਕੋਸਿਸ (cryptococcosis) ਵੀ ਕਿਹਾ ਜਾਂਦਾ ਹੈ, *ਕ੍ਰਿਪਟੋਕੋਕਸ ਨਿਓਫੋਰਮੈਨਜ਼ (Cryptococcus neoformans)* ਜਾਂ *ਕ੍ਰਿਪਟੋਕੋਕਸ ਗੈਟੀ (ਸੀ. ਗੈਟੀ) (Cryptococcus gattii (C. gattii)* ਨਾਂ ਦੀ ਉੱਲੀ ਕਰਕੇ ਹੋਣ ਵਾਲਾ ਫੰਗਲ ਲਾਗ ਹੈ।ਇਹ ਦਸਤਾਵੇਜ਼ *ਸੀ. ਗੈਟੀ* ਦੇ ਕਾਰਨ ਹੋਣ ਵਾਲੇ ਰੋਗ ਬਾਰੇ ਹੈ।

*ਕ੍ਰਿਪਟੋਕੋਕਸ* ਪੇੜਾਂ ਉੱਤੇ ਅਤੇ ਮਿੱਟੀ ਵਿੱਚ ਰਹਿੰਦੀ ਹੈ ਅਤੇ ਹਵਾ ਵਿਚ ਜੀਵਾਣੂ ਛੱਡਦੀ ਹੈ। ਵਿਗਾੜ ਤਾਂ ਹੁੰਦਾ ਹੈ ਜਦੋਂ ਜੀਵਾਣੂ ਸਾਹ ਰਾਹੀਂ ਅੰਦਰ ਲਏ ਜਾਂਦੇ ਹਨ। ਕਈ ਵਾਰੀ ਜੰਗਲੀ ਅਤੇ ਘਰੇਲੂ ਜਾਨਵਰਾਂ ਨੂੰ ਵੀ *ਸੀ. ਗੈਟੀ* ਦੀ ਲਾਗ ਲੱਗ ਸਕਦੀ ਹੈ।

ਇਹ ਵਿਗਾੜ ਆਪਣੇ ਆਪ ਜਾਨਵਰਾਂ ਤੋਂ ਮਨੁਖਾਂ ਜਾਂ ਮਨੁੱਖਾਂ ਤੋਂ ਜਾਨਵਰਾਂ ਤੱਕ ਨਹੀਂ ਫੈਲਦਾ। *ਕ੍ਰਿਪਟੋਕੋਕਸ* (*Cryptococcus*) ਨਾਲ ਵਿਗਾੜਗ੍ਰਸਤ ਲੋਕ ਦੂਸਰਿਆਂ ਲਈ ਛੂਤਕਾਰੀ ਨਹੀਂ ਹੁੰਦੇ।

### ਲੱਛਣ ਕੀ ਹਨ?

ਹੋ ਸਕਦਾ ਹੈ ਕਿ ਬਹੁਤੇ ਲੋਕ ਜੋ ਉੱਲੀ ਦੇ ਸੰਪਰਕ ਵਿੱਚ ਆਉਂਦੇ ਹਨ, ਉਹ ਬੀਮਾਰ ਨਾ ਹੋਣ। ਜਿਹੜੇ ਲੋਕ ਬੀਮਾਰ ਹੋ ਜਾਂਦੇ ਹਨ, ਉਨ੍ਹਾਂ ਦੇ ਲੱਛਣ ਸੰਪਰਕ ਵਿੱਚ ਆਉਣ ਤੋਂ ਮਹੀਨਿਆਂ ਬਾਅਦ ਪ੍ਰਗਟ ਹੁੰਦੇ ਹਨ ਅਤੇ ਕਈ ਮਹੀਨਿਆਂ ਤਕ ਰਹਿ ਸਕਦੇ ਹਨ।

ਕ੍ਰਿਪਟੋਕੋਕਲ (cryptococcal) ਬੀਮਾਰੀ ਦੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਕਈ ਹਫਤਿਆਂ ਜਾਂ ਮਹੀਨਿਆਂ ਲਈ ਚੱਲਣ ਵਾਲੀ ਲੰਮੀ ਖੰਘ
- ਸਾਹ ਚੜ੍ਹਨਾ
- ਸਿਰਦਰਦ
- ਬੁਖ਼ਾਰ
- ਉਲਟੀਆਂ
- ਭਾਰ ਘੱਟਣਾ

ਜੇ ਤੁਸੀਂ ਇੰਨਾਂ ਵਿੱਚੋਂ ਕਿਸੇ ਵੀ ਲੱਛਣਾਂ ਦਾ ਅਨੁਭਵ ਕਰਦੇ ਹੋ, ਖਾਸ ਕਰਕੇ ਸਮੇਂ ਦੀਆਂ ਲੰਮੀਆਂ ਮਿਆਦਾਂ ਲਈ, ਤਾਂ ਸਲਾਹ ਅਤੇ ਇਲਾਜ ਲਈ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨਾਲ ਗੱਲ ਕਰੋ। ਜੇ ਤੁਸੀਂ ਲੱਛਣ ਦਿਖਾਂਉਂਦੇ ਹੋ ਤਾਂ ਤੁਹਾਡੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲਾ ਪਰੀਖਣਾਂ ਲਈ ਬੇਨਤੀ ਕਰ ਸਕਦਾ ਹੈ, ਪਰ ਇਹ ਪਰੀਖਣ ਸਿਰਫ ਇਹ ਪਤਾ ਕਰਨ ਲਈ ਨਹੀਂ ਕੀਤੇ ਜਾਣਗੇ ਕਿ ਕੀ ਤੁਹਾਡਾ ਸੰਪਰਕ ਹੋਇਆ ਹੈ।

### ਇਸ ਬੀਮਾਰੀ ਦਾ ਜੋਖਮ ਕੀ ਹੈ?

ਬੀ ਸੀ ਵਿੱਚ ਹਰ ਸਾਲ, 10 ਤੋਂ 25 ਲੋਕ *ਸੀ. ਗੈਟੀ* ਕਰਕੇ ਬੀਮਾਰ ਹੁੰਦੇ ਹਨ, ਅਤੇ ਲਗਭਗ 16 ਪ੍ਰਤੀਸ਼ਤ ਦੀ ਮੌਤ ਹੋ ਜਾਂਦੀ ਹੈ। ਕੁਝ ਲੋਕਾਂ ਨੂੰ ਕ੍ਰਿਪਟੋਕੋਕਲ (cryptococcal) ਬੀਮਾਰੀ ਦਾ ਖਤਰਾ ਥੋੜਾ ਜਿਹਾ ਵੱਧ ਹੁੰਦਾ ਹੈ ਜਿਸ ਵਿੱਚ ਸ਼ਾਮਲ ਹਨ ਉਹ:

- ਜੋ 50 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹਨ
- ਜੋ ਅਜਿਹੀਆਂ ਦਵਾਈਆਂ ਲੈਂਦੇ ਹਨ ਜੋ ਉਨ੍ਹਾਂ ਦੇ ਸਰੀਰ ਦੀ ਬੀਮਾਰੀਆਂ ਤੋਂ ਬਚਾਉਣ ਵਾਲੀ ਪ੍ਰਣਾਲੀ ਨੂੰ ਦਬਾ ਦਿੰਦੀਆਂ ਹਨ
- ਜਿੰਨਾਂ ਦੀ ਸਰੀਰ ਦੀ ਬੀਮਾਰੀਆਂ ਤੋਂ ਬਚਾਉਣ ਵਾਲੀ ਪ੍ਰਣਾਲੀ ਹਿਊਮਨ ਇਮਿਊਨੋਡੈਫੀਸ਼ੈਂਸੀ ਵਾਇਰਸ (ਐਚਆਈਵੀ), ਕੈਂਸਰ ਵਰਗੀਆਂ ਬੀਮਾਰੀਆਂ ਕਰਕੇ ਕਮਜ਼ੋਰ ਹੈ ਜਾਂ ਉਨ੍ਹਾਂ ਦੇ ਅੰਗ ਬਦਲੇ ਗਏ ਹਨ
- ਜਿੰਨਾਂ ਨੂੰ ਫੇਫੜਿਆਂ ਦੀ ਚਿਰਕਾਲੀ ਬੀਮਾਰੀ ਹੈ
- ਜੋ ਸਿਗਰੇਟ ਪੀਂਦੇ ਹਨ

### ਇਸ ਬੀਮਾਰੀ ਦੀ ਪਛਾਣ ਕਿਵੇਂ ਕੀਤੀ ਜਾਂਦੀ ਹੈ?

ਜੇ ਤੁਸੀਂ ਅਜਿਹੇ ਖੇਤਰ ਵਿੱਚ ਰਹਿੰਦੇ ਜਾਂ ਜਾਂਦੇ ਹੋ ਜਿਥੇ ਸੀ.ਗੈਟੀ ਪਾਇਆ ਜਾਂਦਾ ਹੈ ਅਤੇ ਤੁਹਾਨੂੰ ਕ੍ਰਿਪਟੋਕੋਕਲ (cryptococcal) ਬੀਮਾਰੀ ਦੇ ਨਾਲ ਇਕਸਾਰ ਲੱਛਣ ਵਿਕਸਤ

ਹੁੰਦੇ ਹਨ, ਤਾਂ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਮਿਲੋ। ਤੁਹਾਡੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲਾ ਖੂਨ, ਫੇਫੜਿਆਂ ਜਾਂ ਰੀੜ ਦੀ ਹੱਡੀ ਦੇ ਦ੍ਰਵ ਦੇ ਨਮੂਨੇ ਵਿੱਚ *ਕ੍ਰਿਪਟੋਕੋਕਸ* (*Cryptococcus*) ਵਿਗਾੜ ਲਈ ਪਰੀਖਣ ਕਰ ਸਕਦਾ ਹੈ।

## ਕੀ ਇਲਾਜ ਉਪਲਬਧ ਹੈ?

ਹਾਂ। ਇਲਾਜ ਵਿੱਚ ਸ਼ਾਮਲ ਹਨ 6 ਤੋਂ 12 ਮਹੀਨਿਆਂ ਦੀਆਂ ਉੱਲੀ ਦੇ ਵਿਰੁੱਧ ਕੰਮ ਕਰਨ ਵਾਲੀਆਂ (ਐਂਟੀਫੰਗਲ) ਦਵਾਈਆਂ। ਜਿਆਦਾਤਰ ਕੇਸਾਂ ਵਿੱਚ ਇਸ ਬੀਮਾਰੀ ਦਾ ਇਲਾਜ ਕਾਮਯਾਬੀ ਦੇ ਨਾਲ ਕੀਤਾ ਜਾ ਸਕਦਾ ਹੈ।

## ਕੀ ਅਜਿਹਾ ਕੁਝ ਹੈ ਜੋ ਮੈਂ ਇਸ ਬੀਮਾਰੀ ਤੋਂ ਬਚਣ ਲਈ ਕਰ ਸਕਦਾ/ਦੀ ਹਾਂ?

ਉੱਲੀ ਵਾਤਾਵਰਨ ਵਿੱਚ ਮੌਜੂਦ ਹੈ ਅਤੇ ਅਜਿਹੀਆਂ ਕੋਈ ਖਾਸ ਸਾਵਧਾਨੀਆਂ ਨਹੀਂ ਹਨ ਜੋ ਤੁਸੀਂ *ਕ੍ਰਿਪਟੋਕੋਕਸ* (*Cryptococcus*) ਦੇ ਨਾਲ ਸੰਪਰਕ ਤੋਂ ਬਚਣ ਲਈ ਵਰਤ ਸਕਦੇ ਹੋ।ਪਰ, ਤੁਸੀਂ ਲੰਮੇ ਸਮੇਂ ਤੱਕ ਰਹਿਣ ਵਾਲੇ ਜਾਂ ਤੀਬਰ ਲੱਛਣਾਂ ਲਈ ਚੌਕੰਨੇ ਰਹਿ ਸਕਦੇ ਹੋ ਅਤੇ ਜਲਦੀ ਪਛਾਣ ਅਤੇ ਇਲਾਜ ਲਈ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨਾਲ ਸਲਾਹ ਮਸ਼ਵਰਾ ਕਰ ਸਕਦੇ ਹੋ। ਜੇ ਤੁਸੀਂ ਸਿਗਰੇਟ ਪੀਂਦੇ ਹੋ, ਤਾਂ ਤੁਸੀਂ ਸਿਗਰੇਟ ਪੀਣਾ ਛੱਡ ਕੇ ਆਪਣੇ ਜੋਖਮ ਨੂੰ ਘਟਾ ਸਕਦੇ ਹੋ।

ਕ੍ਰਿਪਟੋਕੋਕਲ (cryptococcal) ਬੀਮਾਰੀ ਨੂੰ ਰੋਕਣ ਲਈ ਕੋਈ ਵੈਕਸੀਨ ਨਹੀਂ ਹੈ।

## ਇਹ ਉੱਲੀ (fungus) ਕਿਥੇ ਪਾਈ ਜਾਂਦੀ ਹੈ?

*ਕ੍ਰਿਪਟੋਕੋਕਸ* (*Cryptococcus*) ਦੁਨੀਆਂ ਭਰ ਵਿੱਚ ਕੁਦਰਤੀ ਤੌਰ ਤੇ ਵਾਤਾਵਰਨ ਵਿੱਚ ਪਾਈ ਜਾਂਦੀ ਹੈ।

*ਸੀ. ਗੈਟੀ* ਪਹਿਲੀ ਵਾਰ ਬ੍ਰਿਟਿਸ਼ ਕੋਲੰਬੀਆ ਵਿੱਚ 1999 ਵਿੱਚ ਪ੍ਰਗਟ ਹੋਈ ਸੀ। ਬੀ.ਸੀ. ਵਿੱਚ, ਇਹ ਵੈਨਕੂਵਰ ਆਇਲੈਂਡ ਦੇ ਪੂਰਬੀ ਤੱਟ ਤੇ ਪਾਈ ਗਈ ਹੈ ਅਤੇ ਕਦੇ-ਕਦੇ ਇਹ ਲੋਅਰ ਮੇਨਲੈਂਡ ਜਾਂ ਬੀ ਸੀ ਮੇਨਲੈਂਡ ਦੇ ਦੱਖਣਪੂਰਬੀ ਹਿੱਸੇ ਵਿੱਚ ਖੋਜਿਆ ਗਿਆ ਹੈ। ਇਹ ਸਪਸ਼ਟ ਨਹੀਂ ਹੈ ਕਿ *ਸੀ. ਗੈਟੀ* ਬੀ ਸੀ ਅਤੇ ਯੂ ਐਸ ਦੇ ਪੈਸੇਫਿਕ ਉੱਤਰ ਪੂਰਬੀ ਖੇਤਰਾਂ ਵਿੱਚ ਕਿਵੇਂ ਆਈ।

## ਕੀ ਮੈਂ ਦੱਸ ਸਕਦਾ/ਦੀ ਹਾਂ ਕਿ ਕਿਹੜੇ ਪੇੜਾਂ ਵਿੱਚ ਇਹ ਉੱਲੀ ਹੈ?

ਨਹੀਂ। ਤੁਸੀਂ ਸਿਰਫ ਪੇੜ ਨੂੰ ਦੇਖ ਕੇ ਇਹ ਨਹੀਂ ਦੱਸ ਸਕਦੇ ਕਿ ਕਿਹੜੇ ਪੇੜਾਂ ਵਿੱਚ ਉੱਲੀ ਮੌਜੂਦ ਹੈ।ਉੱਲੀ ਬਹੁਤ ਛੋਟੀ ਹੁੰਦੀ ਹੈ ਅਤੇ ਨੰਗੀ ਅੱਖ ਨਾਲ ਨਹੀਂ ਦੇਖੀ ਜਾ ਸਕਦੀ। ਉਹ ਪੇੜ ਜਿੰਨਾਂ ਉੱਤੇ ਉੱਲੀ ਉਗ ਰਹੀ ਹੁੰਦੀ ਹੈ ਬੀਮਾਰ ਨਹੀਂ ਲਗਦੇ। ਉੱਲੀ ਦੀ ਪਛਾਣ ਕੇਵਲ ਪੇੜਾਂ ਦੇ ਨਮੂਨਿਆਂ ਦੀ ਜਾਂਚ ਪ੍ਰਯੋਗਸ਼ਾਲਾ ਵਿੱਚ ਕਰਕੇ ਹੀ ਕੀਤੀ ਜਾ ਸਕਦੀ ਹੈ।

## ਕੀ ਮੇਰੇ ਆਂਢ ਗੁਆਂਢ ਦੇ ਪੇੜਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ?

ਵੈਨਕੂਵਰ ਆਈਲੈਂਡ ਅਤੇ ਵੈਨਕੂਵਰ ਕੋਸਟਲ ਅਤੇ ਫ਼ਰੇਜ਼ਰ ਹੈਲਥ ਰੀਜਨਾਂ ਦੇ ਕਈ ਖੇਤਰਾਂ ਵਿੱਚ ਪੇੜਾਂ ਅਤੇ ਮਿੱਟੀ ਤੇ ਉੱਲੀ ਦਾ ਆਮ ਵਿਤਰਨ ਨਿਰਧਾਰਤ ਕਰਨ ਵਿੱਚ ਸਹਾਇਤਾ ਕਰਨ ਲਈ ਪਰੀਖਣ ਕੀਤੇ ਗਏ ਹਨ। ਖਾਸ ਆਂਢ ਗੁਆਂਢਾਂ ਵਿੱਚ ਪੇੜਾਂ ਦੀ ਜਾਂਚ ਕਰਨਾ ਸੰਭਵ ਜਾਂ ਉਪਯੋਗੀ ਵੀ ਨਹੀਂ ਹੈ। ਉੱਲੀ ਤਾਂ ਵੀ ਕਿਸੇ ਖੇਤਰ ਵਿੱਚ ਮੌਜੂਦ ਹੋ ਸਕਦੀ ਹੈ ਜੇ ਉਸ ਖੇਤਰ ਦੇ ਕੁਝ ਪੇੜਾਂ ਦੀ ਜਾਂਚ ਨੈਗੇਟਿਵ ਹੋਏ।

## ਕੀ ਅਜਿਹਾ ਕੁਝ ਹੈ ਜੋ ਮੈਂ ਆਪਣੇ ਪੇੜਾਂ ਨੂੰ ਉੱਲੀ ਤੋਂ ਬਚਾਉਣ ਲਈ ਕਰ ਸਕਦਾ/ਦੀ ਹਾਂ?

ਇਸ ਕਿਸਮ ਦੀ ਉੱਲੀ ਦੇ ਵਿਰੁੱਧ ਕੋਈ ਖਾਸ ਵਾਤਾਵਰਨ ਸੰਬੰਧੀ ਉਪਾਅ ਮੌਜੂਦ ਨਹੀਂ ਹਨ। ਅਜਿਹੇ ਕੋਈ ਉੱਲੀ ਨਾਸ਼ਕ (fungicides) ਜਾਂ ਦੂਸਰੇ ਰਸਾਇਣ ਨਹੀਂ ਹਨ ਜੋ ਪੇੜਾਂ ਨੂੰ ਸੁਰੱਖਿਅਤ ਰੱਖਣ ਲਈ ਉਨ੍ਹਾਂ ਤੇ ਲਗਾਏ ਜਾ ਸਕਦੇ ਹਨ। ਨਿਜੀ ਸੰਪਤੀ ਤੇ ਪੇੜਾਂ ਦੇ ਕੱਟੇ ਜਾਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ ਕਿਉਂਕਿ ਇਹ ਉੱਲੀ ਨਾਲ ਸੰਪਰਕ ਵਿੱਚ ਆਉਣ ਨੂੰ ਨਹੀਂ ਰੋਕੇਗਾ।

## ਕੀ ਵੈਨਕੂਵਰ ਆਈਲੈਂਡ ਅਤੇ ਵੈਨਕੂਵਰ ਕੋਸਟਲ ਅਤੇ ਫ਼ਰੇਜ਼ਰ ਹੈਲਥ ਰੀਜਨਾਂ ਵਿੱਚ ਰਹਿਣਾ ਅਤੇ ਸਫਰ ਕਰਨਾ ਸੁਰੱਖਿਅਤ ਹੈ?

ਹਾਂ। ਇਹ ਬੀਮਾਰੀ ਲੱਗਣ ਦਾ ਖਤਰਾ ਬਹੁਤ ਨਿੰਮ੍ਹਾ ਹੈ ਅਤੇ ਬਹੁਤੇ ਕੇਸਾਂ ਵਿੱਚ ਇਸ ਬੀਮਾਰੀ ਦਾ ਇਲਾਜ ਕੀਤਾ ਜਾ ਸਕਦਾ ਹੈ। ਬਾਹਰ ਜਾਣ ਦੇ ਆਨੰਦ ਦੇ ਲਾਭ ਕ੍ਰਿਪਟੋਕੋਕਲ (cryptococcal) ਬੀਮਾਰੀ ਦੇ ਖਤਰਿਆਂ ਤੋਂ ਕਿਧਰੇ ਵੱਧ ਹਨ।

BC Centre for Disease Control
An agency of the Provincial Health Services Authority